# ਪੰਜਾਬ ਸਕੂਲ ਸਿੱਖਿਆ ਬੋਰਡ

## (ਐਫੀਲੀਏਸ਼ਨ ਸ਼ਾਖਾ)

ਵੱਲ

ਸਮੂਹ ਸਕੂਲ ਮੁੱਖੀ,
ਪੰਜਾਬ ਰਾਜ।

ਨੰਬਰ : ਪਸਸਬ-ਐਫੀ.2018/...5368 ਮਿਤੀ ...05.10.18

**ਵਿਸ਼ਾ : ਸਮੂਹ ਸਕੂਲਾਂ ਦੀ ਲਾਗਇੰਨ ਆਈ.ਡੀ. ਤੇ ਅਪਲੋਡ ਕੀਤਾ School Infrastructure, Exam Centre & other information ਪ੍ਰੋਫਾਰਮਾ ਆਨਲਾਈਨ ਭਰਨ ਅਤੇ ਸਬਮਿਟ ਕਰਨ ਸਬੰਧੀ।**

ਉਪਰੋਕਤ ਵਿਸ਼ਾ ਸਬੰਧੀ ਬੋਰਡ ਵੱਲੋਂ ਪੰਜਾਬ ਰਾਜ ਦੇ ਸਮੂਹ ਸਕੂਲਾਂ, ਜੋ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਅਧੀਨ ਪ੍ਰੀਖਿਆਵਾਂ ਕਰਵਾਉਂਦੇ ਹਨ ਦੀ ਸਕੂਲ ਲਾਗਇੰਨ ਆਈ.ਡੀ. ਵਿੱਚ ਮਿਤੀ 19.07.2018 ਨੂੰ ਇੱਕ **School Infrastructure, Exam Centre & other information** ਪ੍ਰੋਫਾਰਮਾ (84 ਕਾਲਮ) ਪਾਇਆ ਗਿਆ ਸੀ। ਇਸ ਪ੍ਰੋਫਾਰਮੇ ਨੂੰ ਆਨਲਾਈਨ ਭਰਿਆ ਜਾਣਾ ਸੀ ਅਤੇ ਫਾਈਨਲ ਸਬਮਿਟ ਕੀਤਾ ਜਾਣਾ ਸੀ। ਇਸ ਪ੍ਰੋਫਾਰਮੇ ਨੂੰ ਆਨਲਾਈਨ ਸਬਮਿਟ ਕਰਨ ਲਈ ਬਿਨ੍ਹਾਂ ਫੀਸ ਤੋਂ ਮਿਤੀ 31.08.2018 ਤੱਕ 3 ਵਾਰ ਮਿਤੀਆਂ ਵਿੱਚ ਵਾਧਾ ਕੀਤਾ ਗਿਆ ਸੀ। ਇਸ ਉਪਰੰਤ ਮਿਤੀ 05.09.2018 ਤੋਂ 5000/- ਰੁ. ਜੁਰਮਾਨੇ ਨਾਲ ਮਿਤੀ 29.09.2018 ਤੱਕ ਫਾਈਨਲ ਸਬਮਿਟ/ਫੀਸ ਦਾ ਚਲਾਨ ਜਨਰੇਟ ਕਰਨ ਲਈ ਸਮ੍ਹਾਂ ਦਿੱਤਾ ਗਿਆ ਸੀ ਅਤੇ ਇਸ ਚਲਾਨ ਦੀ ਫੀਸ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਮਿਤੀ 03.10.2018 ਤੱਕ ਜਮ੍ਹਾਂ ਕਰਵਾਈ ਜਾਣੀ ਸੀ।

ਪ੍ਰੰਤੂ ਕੁਝ ਸਕੂਲਾਂ ਵੱਲੋਂ ਅਜੇ ਤੱਕ ਵੀ ਉਕਤ ਪ੍ਰੋਫਾਰਮਾ ਆਨਲਾਈਨ ਭਰਿਆ/ਫਾਈਨਲ ਸਬਮਿਟ ਨਹੀਂ ਕੀਤਾ ਗਿਆ। ਇਸ ਲਈ ਬੋਰਡ ਵੱਲੋਂ ਇਹਨਾਂ ਸਕੂਲਾਂ ਨੂੰ 5000/- ਰੁ. ਜੁਰਮਾਨੇ ਨਾਲ ਹੀ ਮਿਤੀ 15.10.2018 ਤੱਕ ਫਾਈਨਲ ਸਬਮਿਟ/ਫੀਸ ਦਾ ਚਲਾਨ ਜਨਰੇਟ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਇਸ ਚਲਾਨ ਦੀ ਫੀਸ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਮਿਤੀ 17.10.2018 ਤੱਕ ਹਰ ਹਾਲਤ ਵਿੱਚ ਜਮ੍ਹਾਂ ਕਰਵਾਈ ਜਾਵੇ। ਚਲਾਨ ਉੱਪਰ ਦਰਜ ਵੈਲਿਡ ਡੇਟ ਤੋਂ ਬਾਅਦ ਫੀਸ ਜਮ੍ਹਾਂ ਨਹੀਂ ਹੋਵੇਗੀ।

ਜੋ ਸਕੂਲ ਪਹਿਲਾਂ ਹੀ ਚਲਾਨ ਜਨਰੇਟ ਕਰ ਚੁੱਕੇ ਸਨ ਪ੍ਰੰਤੂ ਚਲਾਨ ਵੈਲਿਡ ਡੇਟ ਤੱਕ ਫੀਸ ਨਹੀਂ ਜਮ੍ਹਾਂ ਕਰਵਾ ਸਕੇ, ਉਹ ਚਲਾਨ ਨੂੰ ਰੀ-ਜਨਰੇਟ ਕਰਨਗੇ ਅਤੇ ਨਵੇਂ ਬਣੇ ਚਲਾਨ ਦੀ ਫੀਸ ਖੇਤਰੀ ਦਫਤਰ/ਮੁੱਖ ਦਫਤਰ ਵਿੱਚ ਜਮ੍ਹਾਂ ਕਰਵਾਉਣਗੇ। ਇਸ ਤੋਂ ਇਲਾਵਾ ਜੇਕਰ ਕੋਈ ਸਕੂਲ ਆਪਣੀ ਫੀਸ ਖੇਤਰੀ ਦਫਤਰ ਵਿੱਚ ਜਮ੍ਹਾਂ ਕਰਵਾ ਚੁੱਕਾ ਹੈ ਪ੍ਰੰਤੂ ਫੀਸ ਅਜੇ ਤੱਕ ਵੈਰੀਫਾਈ ਨਹੀਂ ਹੋਈ ਤਾਂ ਉਹ ਸਬੰਧਤ ਮੈਨੇਜਰ, ਜਿਲ੍ਹਾ ਖੇਤਰੀ ਦਫਤਰ ਨੂੰ ਇਸ ਸਬੰਧੀ ਸੂਚਿਤ ਕਰਨ।

ਮਿਤੀ 15.10.2018 ਤੱਕ ਉਕਤ ਪ੍ਰੋਫਾਰਮਾ ਫਾਈਨਲ ਸਬਮਿਟ ਨਾ ਕਰਨ ਅਤੇ ਫੀਸ ਨਾ ਜਮ੍ਹਾਂ ਕਰਵਾਉਣ ਵਾਲੀਆਂ ਸੰਸਥਾਵਾਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਇਸਦੀ ਸਾਰੀ ਜਿੰਮੇਵਾਰੀ ਸੰਸਥਾਂ ਮੁੱਖੀ ਦੀ ਆਪਣੀ ਹੋਵੇਗੀ।

5-10-18

ਇੰਚਾਰਜ (ਐਫੀਲੀਏਸ਼ਨ)

ਵਾਸਤੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ